1. ਸੀਨੀਅਰ ਸੈਕੰਡਰੀ ਦੇ ਪਾਸ ਫਾਰਮੂਲੇ ਵਿੱਚ ਕਾਰਗੁਜਾਰੀ ਵਿੱਚ ਸੁਧਾਰ (Improvement of Performance) ਨਾਲ ਸਬੰਧਤ ਨੁਕਤਾ ਨੰ:-3 ਵਿੱਚ ਹੇਠ ਲਿਖੇ ਅਨੁਸਾਰ ਤਬਦੀਲੀ ਕੀਤੀ ਗਈ:-

| ਪਾਸ ਫਾਰਮੂਲਾ 2013 ਵਿੱਚ ਮੌਜੂਦਾ ਨੁਕਤਾ | ਪਾਸ ਫਾਰਮੂਲਾ 2013 ਵਿੱਚ ਤਬਦੀਲ ਨੁਕਤਾ |
|---|---|
| 3. ਜੋ ਪ੍ਰੀਖਿਆਰਥੀ ਕਾਰਗੁਜਾਰੀ ਵਧਾਉਣ ਲਈ ਪ੍ਰੀਖਿਆ ਦੇ ਰਹੇ ਹਨ ਉਹਨਾ ਦਾ ਨਤੀਜਾ ਹੇਠ ਲਿਖੇ ਅਨੁਸਾਰ ਘੋਸ਼ਿਤ ਕੀਤਾ ਜਾਵੇਗਾ: | 3. ਜੋ ਪ੍ਰੀਖਿਆਰਥੀ ਕਾਰਗੁਜਾਰੀ ਵਧਾਉਣ ਲਈ ਪ੍ਰੀਖਿਆ ਦੇ ਰਹੇ ਹਨ ਉਹਨਾ ਦਾ ਨਤੀਜਾ ਹੇਠ ਲਿਖੇ ਅਨੁਸਾਰ ਘੋਸ਼ਿਤ ਕੀਤਾ ਜਾਵੇਗਾ: |
| (ੳ) ਇਸ ਕੈਟਾਗਰੀ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀ ਦੇ ਪ੍ਰਯੋਗੀ ਵਿਸ਼ਿਆਂ ਅਤੇ ਸੀ.ਸੀ.ਈ.ਦੇ ਸਬੰਧਿਤ ਪੁਰਾਣੇ ਅੰਕ ਹੀ ਚੁੱਕੇ ਜਾਣਗੇ। ਜੇਕਰ ਕਿਸੇ ਪ੍ਰੀਖਿਆਰਥੀ ਨੇ ਨਵੀਂ ਪ੍ਰਯੋਗੀ ਪ੍ਰੀਖਿਆ ਦੇਣੀ ਹੋਵੇਗੀ ਤਾਂ ਉਸ ਨੂੰ ਆਪਣੇ ਦਾਖਲਾ ਫਾਰਮ ਵਿੱਚ ਨਵੀਂ ਪ੍ਰਯੋਗੀ ਪ੍ਰੀਖਿਆ ਦੇਣ ਬਾਰੇ ਜਿਕਰ ਕਰਨਾ ਪਵੇਗਾ ਅਤੇ ਪ੍ਰਯੋਗੀ ਪ੍ਰੀਖਿਆ ਦੇਣ ਦੀ ਸੂਰਤ ਵਿੱਚ ਪ੍ਰੀਖਿਆ ਫੀਸ ਵੀ ਦੁਬਾਰਾ ਦੇਣੀ ਪਵੇਗੀ। | (ੳ) ਇਸ ਕੈਟਾਗਰੀ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀ ਦੇ ਕੇਵਲ ਸੀ.ਸੀ.ਈ.ਦੇ ਸਬੰਧਿਤ ਪੁਰਾਣੇ ਅੰਕ ਹੀ ਚੁੱਕੇ ਜਾਣਗੇ। ਇਹ ਪ੍ਰੀਖਿਆ ਕੇਵਲ ਮਾਰਚ ਵਿੱਚ ਸਲਾਨਾ ਪ੍ਰੀਖਿਆ ਦੇ ਨਾਲ ਹੀ ਲਈ ਜਾਵੇਗੀ। |
| (ਅ) ਇਸ ਬੋਰਡ ਤੋਂ ਬਾਰਵੀਂ ਪ੍ਰੀਖਿਆ ਪਾਸ ਕਰਨ ਵਾਲਾ ਪ੍ਰੀਖਿਆਰਥੀ ਆਪਣੀ ਕਾਰਗੁਜਾਰੀ ਵਧਾਉਣ ਲਈ ਇੱਕ ਜਾਂ ਵੱਧ ਵਿਸ਼ਿਆਂ ਦੀ ਮੁੜ ਪ੍ਰੀਖਿਆ ਦੇ ਸਕਦਾ ਹੈ। ਅਜਿਹੇ ਪ੍ਰੀਖਿਆਰਥੀ ਦਾ ਨਤੀਜਾ ਤਾਂ ਹੀ ਘੋਸ਼ਿਤ ਕੀਤਾ ਜਾਵੇਗਾ ਜੇਕਰ ਉਸਨੇ ਸਬੰਧਤ ਵਿਸ਼ਾ/ਵਿਸ਼ਿਆਂ ਦੀ ਕਾਰਗੁਜ਼ਾਰੀ ਵਿੱਚ ਘੱਟੋ ਘੱਟ 5% ਅੰਕਾਂ ਦਾ ਸੁਧਾਰ ਕਰ ਲਿਆ ਹੋਵੇ। | (ਅ) ਇਸ ਬੋਰਡ ਤੋਂ ਬਾਰਵੀਂ ਪ੍ਰੀਖਿਆ ਪਾਸ ਕਰਨ ਵਾਲਾ ਪ੍ਰੀਖਿਆਰਥੀ ਆਪਣੀ ਕਾਰਗੁਜਾਰੀ ਵਧਾਉਣ ਲਈ ਸਬੰਧਤ ਗਰੁੱਪ ਦੇ ਸਮੂਹ ਵਿਸ਼ਿਆਂ (ਗ੍ਰੇਡਿੰਗ ਵਾਲੇ ਵਿਸ਼ਿਆਂ ਤੋਂ ਇਲਾਵਾ) ਦੀ ਮੁੜ ਪ੍ਰੀਖਿਆ ਦੇਵੇਗਾ। |
| (ੲ) ਜੋ ਪ੍ਰੀਖਿਆਰਥੀ ਉਪਰੋਕਤ 'ਅ' ਅਨੁਸਾਰ ਪ੍ਰੀਖਿਆ ਦਿੰਦਾ ਹੈ, ਉਹ ਅਜਿਹਾ ਅਗਲੇ ਦੋ ਸਾਲਾਂ ਦੌਰਾਨ ਕੇਵਲ 2 ਮੌਕੇ ਲੈ ਕੇ ਕਰ ਸਕਦਾ ਹੈ, ਬਸ਼ਰਤੇ ਕਿ ਉਸ ਨੇ ਅਗੋ ਉਚੇਰੀ ਪ੍ਰੀਖਿਆ ਪਾਸ ਨਾ ਕੀਤੀ ਹੋਵੇ। | (ੲ) ਜੋ ਪ੍ਰੀਖਿਆਰਥੀ ਉਪਰੋਕਤ 'ਅ' ਅਨੁਸਾਰ ਪ੍ਰੀਖਿਆ ਦਿੰਦਾ ਹੈ, ਉਹ ਅਜਿਹਾ ਅਗਲੇ ਦੋ ਸਾਲਾਂ ਦੌਰਾਨ ਕੇਵਲ 2 ਮੌਕੇ ਲੈ ਸਕਦਾ ਹੈ, ਬਸ਼ਰਤੇ ਕਿ ਉਸ ਨੇ ਅਗੋ ਉਚੇਰੀ ਪ੍ਰੀਖਿਆ ਪਾਸ ਨਾ ਕੀਤੀ ਹੋਵੇ। |

2. ਜਿਹੜੇ ਵਿਦਿਆਰਥੀਆਂ ਨੇ +2 ਪ੍ਰੀਖਿਆ ਸਾਲ 2011 ਅਤੇ 2012 ਵਿੱਚ ਪਾਸ ਕੀਤੀ ਹੈ ਅਤੇ ਕਾਰਗੁਜਾਰੀ ਵਿੱਚ ਸੁਧਾਰ (Improvement of Performance) ਕਰਨ ਦੇ ਇੱਛੁਕ ਹਨ, ਉਹ ਵਿਦਿਆਰਥੀ ਆਪਣੀ ਕਾਰਗੁਜਾਰੀ ਵਧਾਉਣ ਲਈ ਸਬੰਧਤ ਗਰੁੱਪ ਦੇ ਸਮੂਹ ਵਿਸ਼ਿਆਂ (ਗ੍ਰੇਡਿੰਗ ਵਾਲੇ ਵਿਸ਼ਿਆਂ ਤੋਂ ਇਲਾਵਾ) ਦੀ ਮੁੜ ਪ੍ਰੀਖਿਆ ਮਾਰਚ 2013 ਵਿੱਚ ਦੇ ਸਕਦੇ ਹਨ। ਪ੍ਰੀਖਿਆ ਸਾਲ 2011 ਵਾਲੇ ਵਿਦਿਆਰਥੀਆਂ ਨੂੰ ਇਹ ਮੌਕਾ ਕੇਵਲ ਇੱਕ ਵਾਰ ਹੀ ਦਿੱਤਾ ਜਾਵੇਗਾ।